BC TRANSPLANT
Provincial Health Services Authority

# ਸਾਈਕਲੋਸਪੋਰਿਨ CYCLOSPORINE [CYCLO-SPOR-IN]

- ਇਸ ਨੂੰ ਨਿਓਰਲ ਵਜੋਂ ਵੀ ਜਾਣਿਆ ਜਾਂਦਾ ਹੈ ਇਹ ਨਰਮ ਜੈਲਾਟਿਨ ਕੈਪਸੂਲ ਜਾਂ ਮੌਖਿਕ ਤਰਲ ਵਾਂਗ ਵੀ ਮਿਲਦੀ ਹੈ।

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

| **ਸਾਈਕਲੋਸਪੋਰਿਨ 10, 25, 50, 100 ਮਿ.ਗ੍ਰਾਮ ਦੇ ਕੈਪਸੂਲ** | **ਸਾਈਕਲੋਸਪੋਰਿਨ ਮੌਖਿਕ ਘੋਲ 100 ਮਿ.ਗ੍ਰਾਮ/ ਮਿ.ਲੀ.** |
|---|---|
|     |   |

## ਇਹ ਦਵਾਈ ਕਿਸ ਲਈ ਹੈ? What is this medication for?

ਸਾਈਕਲੋਸਪੋਰਿਨ ਦਵਾਈ ਤੁਹਾਡੇ ਸਰੀਰ ਦੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਤੁਹਾਡੇ ਬਦਲੇ ਹੋਏ ਅੰਗ ਨੂੰ ਰੱਦ ਕੀਤੇ ਜਾਣ ਨੂੰ ਰੋਕਿਆ ਜਾ ਸਕੇ। ਇਹ ਤੁਹਾਡੇ ਖ਼ੂਨ ਦੇ ਸੈੱਲਾਂ ਨੂੰ ਕਮਜ਼ੋਰ ਕਰਦੀ ਹੈ ਤਾਂ ਕਿ ਉਹ ਨਵੇਂ ਅੰਗ ਨੂੰ ਨੁਕਸਾਨ ਨਾ ਪਹੁੰਚਾ ਸਕਣ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

ਇਹ ਬੜਾ ਮਹੱਤਵਪੂਰਨ ਹੈ ਕਿ ਦਵਾਈ ਰੋਜ਼ ਇੱਕੋ ਸਮੇਂ ਤੇ ਹੀ ਲਈ ਜਾਏ ਤਾਂ ਕਿ ਸਰੀਰ ਵਿਚ ਦਵਾਈ ਦਾ ਸਤਰ ਇਕਸਾਰ ਬਣਿਆ ਰਹੇ।

| | |
|---|---|
| ਸਾਈਕਲੋਸਪੋਰਿਨ ਲਈ: ਇਹ ਦਵਾਈ **ਹਰ 12 ਘੰਟਿਆਂ** ਬਾਅਦ ਲਵੋ। (ਮਿਸਾਲ ਲਈ ਸੁਭਾ 9 ਵਜੇ ਅਤੇ ਰਾਤ 9 ਵਜੇ) | ਤੁਹਾਡੀ ਦਵਾਈ ਦਾ ਟਾਈਮ: ___________________ |

- ਸਾਈਕਲੋਸਪੋਰਿਨ ਨੂੰ **ਖਾਣੇ ਦੇ ਨਾਲ** ਲਵੋ ਤਾਂ ਕਿ ਪੇਟ ਵਿਚ ਗੜ ਬੜ ਘੱਟ ਹੋਵੇ ਪਰ ਜੇ ਚਾਹੋ ਤਾਂ ਖਾਲੀ ਪੇਟ ਵੀ ਲੈ ਸਕਦੇ ਹੋ। ਇੱਕ ਸਾਰ ਰਹੋ ਜੇ ਖਾਣੇ ਦੇ ਨਾਲ ਲੈਂਦੇ ਹੋ ਤਾਂ ਹਮੇਸ਼ਾ ਖਾਣੇ ਦੇ ਨਾਲ ਹੀ ਲਵੋ, ਜੇ ਖਾਲੀ ਪੇਟ ਲੈਂਦੇ ਹੋ ਤਾਂ ਹਮੇਸ਼ਾ ਖਾਲੀ ਪੇਟ ਹੀ ਲਵੋ।
- ਇਹ ਦਵਾਈ ਲੈਣ ਦੌਰਾਨ ਗਰੇਪਫਰੂਟ, ਗਰੇਪਫਰੂਟ ਦਾ ਜੂਸ, ਪੋਮੇਲੋ ਜਾਂ ਸੰਤਰਾ/ਸੰਤਰੇ ਦਾ ਜੂਸ ਤੋਂ ਪ੍ਰਹੇਜ਼ ਕਰੋ ਕਿਉਂਕਿ ਇਸ ਨਾਲ ਗੰਭੀਰ ਪਰਸਪਰ ਪ੍ਰਭਾਵ ਪੈਦਾ ਹੁੰਦਾ ਹੈ।
- ਜੇ ਕਰ ਤੁਹਾਨੂੰ ਕਿਸੇ ਪ੍ਰਕਿਰਿਆ ਜਾਂ ਓਪਰੇਸ਼ਨ ਲਈ ਖਾਲੀ ਪੇਟ ਜਾਣ ਦੀ ਜ਼ਰੂਰਤ ਹੋਵੇ ਤਾਂ ਵੀ ਤੁਸੀਂ ਆਪਣੀ ਟ੍ਰਾਂਸਪਲਾਂਟ ਵਾਲੀ ਦਵਾਈ ਨਿਸ਼ਚਿਤ ਸਮੇਂ ਤੇ ਪਾਣੀ ਦੇ ਘੁੱਟ ਨਾਲ **ਜ਼ਰੂਰ** ਲੈ ਲਵੋ।

## ਸਾਈਕਲੋਸਪੋਰਿਨ ਮੌਖਿਕ ਘੋਲ: Cyclosporine Oral Solution:

- ਜੇ ਤੁਸੀਂ ਮੌਖਿਕ ਘੋਲ ਲੈਂਦੇ ਹੋ ਤਾਂ ਸਵਾਦ ਵਧਾਉਣ ਲਈ ਦਵਾਈ ਨੂੰ ਗਲਾਸ ਜਾਂ ਚੀਨੀ (ਸਿਰੇਮਿਕ) ਦੇ ਬਰਤਨ ਵਿਚ ਲਵੋ **(ਪਲਾਸਟਿਕ ਵਿਚ ਨਹੀਂ)** ਜੋ ਅੱਧਾ ਸੇਬ ਦੇ ਜੂਸ ਨਾਲ ਭਰਿਆ ਹੋਵੇ **(ਗਰੇਪਜੂਸ ਨਹੀਂ)।** ਦਵਾਈ ਮਿਕਸ ਕਰ ਕੇ ਇੱਕ ਦਮ ਪੀ ਲਵੋ।
- ਇਹ ਸੁਨਿਸ਼ਚਿਤ ਕਰਨ ਲਈ ਕਿ ਤੁਸੀਂ ਸਾਈਕਲੋਸਪੋਰਿਨ ਦੀ ਪੂਰੀ ਖ਼ੁਰਾਕ ਲੈ ਲਈ ਹੈ ਦਵਾਈ ਵਾਲਾ ਸਾਰਾ ਤਰਲ ਪੀਣ ਤੋਂ ਬਾਅਦ ਗਲਾਸ ਵਿਚ ਕੁੱਝ ਹੋਰ ਤਰਲ ਪਾਓ ਅਤੇ ਪੀ ਲਵੋ।
- ਆਪਣੀ ਦਵਾਈ ਨੂੰ ਨਾਪਣ ਤੋਂ ਬਾਅਦ ਡਰਾਪਰ ਨੂੰ ਟਿਸ਼ੂ ਪੇਪਰ ਨਾਲ ਬਾਹਰੋਂ ਸਾਫ਼ ਕਰ ਲਵੋ। ਡਰਾਪਰ ਨੂੰ ਪਾਣੀ ਜਾਂ ਕਿਸੇ ਹੋਰ ਤਰਲ ਨਾਲ ਨਾ ਧੋਵੋ। ਡਰਾਪਰ ਨੂੰ ਸੁੱਟੋ ਨਾ ਕਿਉਂਕਿ ਇੱਕ ਬੋਤਲ ਨਾਲ ਸਿਰਫ ਇੱਕ ਡਰਾਪਰ ਹੀ ਮਿਲਦਾ ਹੈ। ਇਹ ਡਰਾਪਰ ਖਾਸ ਤੌਰ ਤੇ ਸਾਈਕਲੋਸਪੋਰਿਨ ਦਵਾਈ ਲੈਣ ਲਈ ਹੀ ਬਣਾਇਆ ਜਾਂਦਾ ਹੈ।

BC TRANSPLANT
Provincial Health Services Authority

**ਸਾਈਕਲੋਸਪੋਰਿਨ ਦੇ ਲੈਵਲ: Cyclosporine levels:**

ਕਿਰਪਾ ਕਰ ਕੇ ਟ੍ਰਾਂਸਪਲਾਂਟ ਕਲੀਨਿਕ ਨਾਲ ਸਪਸ਼ਟ ਕਰੋ ਕਿ ਤੁਹਾਡੇ ਲਈ ਕਿਹੜਾ ਵਿਕਲਪ ਠੀਕ ਹੈ।

1. ਖ਼ੁਰਾਕ ਤੋਂ ਪਹਿਲਾ ਲੈਵਲ: ਖ਼ੂਨ ਦੇ ਕੰਮ ਤੋਂ ਪਹਿਲਾਂ ਸੁਭਾ ਵਾਲੀ ਖ਼ੁਰਾਕ ਨਾ ਲਵੋ। ਆਪਣੀ ਖ਼ੁਰਾਕ ਕਲੀਨਿਕ ਜਾਂ ਲੈਬ ਵਿਚ ਲੈ ਕੇ ਜਾਓ ਤਾਂ ਕਿ ਖ਼ੂਨ ਦਾ ਕੰਮ ਹੋਣ ਤੋਂ ਬਾਅਦ ਤੁਸੀਂ ਖ਼ੁਰਾਕ ਲੈ ਸਕੋ।
2. ਸਾਈਕਲੋਸਪੋਰਿਨ ਦਾ ਲੈਵਲ ਖ਼ੁਰਾਕ ਲੈਣ ਤੋਂ 2 ਘੰਟੇ ਬਾਅਦ: ਦਵਾਈ ਲੈਣ ਦਾ ਸਹੀ ਟਾਈਮ ਨੋਟ ਕਰਨਾ ਯਕੀਨੀ ਬਣਾਓ ਤਾਂ ਕਿ ਇਹ ਜਾਣਕਾਰੀ ਲੈਬ ਦੇ ਦਸਤਾਵੇਜ਼ ਵਿਚ ਲਿਖੀ ਜਾ ਸਕੇ।

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ 6 ਘੰਟਿਆਂ ਤੋਂ ਜ਼ਿਆਦਾ ਹੋ ਗਿਆ ਹੈ ਤਾਂ ਇਹ ਖ਼ੁਰਾਕ ਨਾ ਲਵੋ ਅਤੇ ਅਗਲੀ ਖ਼ੁਰਾਕ ਹੀ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਤੁਸੀਂ ਐਂਟੀ-ਰਿਜੈਕਸ਼ਨ ਦਵਾਈਆਂ 1 **ਦਿਨ ਤੋਂ ਜ਼ਿਆਦਾ ਸਮੇਂ ਲਈ** ਭੁੱਲ ਜਾਓ ਤਾਂ ਅਗਲੇ ਨਿਰਦੇਸ਼ਾਂ ਲਈ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਸੰਪਰਕ ਕਰੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| ***ਬੁਰੇ ਪ੍ਰਭਾਵ Side Effect*** | **ਇਲਾਜ Management** |
|---|---|
| *ਝਟਕੇ ਲੱਗਣੇ, ਕੰਬਣਾ, ਸਿਰ ਦਰਦ, ਦੌਰਾ ਪੈਣਾ* | ਇਹ ਪ੍ਰਭਾਵ ਸਾਈਕਲੋਸਪੋਰਿਨ ਦੇ ਵੱਧ ਲੈਵਲ ਦੀਆਂ ਨਿਸ਼ਾਨੀਆਂ ਹਨ। ਇਹ ਲੱਛਣ ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਦੱਸੋ। |
| *ਕੁਲੈਸਟਰੋਲ ਦਾ ਲੈਵਲ ਜ਼ਿਆਦਾ ਹੋਣਾ* | ਸਿਹਤਮੰਦ ਅਤੇ ਸੰਤੁਲਿਤ ਖਾਣਾ ਖਾਓ। ਘੱਟ ਫੈਟ ਅਤੇ ਘੱਟ ਸ਼ੂਗਰ ਵਾਲੇ ਖਾਣੇ ਖਾਓ। ਡਾਇਟੀਸ਼ੀਅਨ ਨੂੰ ਖਾਣੇ ਦਾ ਪਲੈਨ ਬਣਾਉਣ ਵਿਚ ਮਦਦ ਲਈ ਕਹੋ। |
| *ਖ਼ੂਨ ਵਿਚ ਸ਼ੂਗਰ ਵਧਣੀ* | ਖ਼ੂਨ ਵਿਚ ਸ਼ੂਗਰ ਦੀ ਨਿਗਰਾਨੀ ਕੀਤੀ ਜਾਏਗੀ ਅਤੇ ਵੱਧ ਸ਼ੂਗਰ ਲੈਵਲ ਲਈ ਇਲਾਜ ਦੀ ਜ਼ਰੂਰਤ ਹੋ ਸਕਦੀ ਹੈ। ਹੱਥਾਂ ਜਾਂ ਪੈਰਾਂ ਵਿਚ ਕਿਸੇ ਕਿਸਮ ਦੀ ਸੁੰਨਤਾ ਜਾਂ ਝਰਨਾਹਟ, ਜ਼ਿਆਦਾ ਪਿਆਸ, ਮੂੰਹ ਸੁੱਕਣਾ, ਸਾਹ ਵਿਚ ਫਲਾਂ ਜਿਹੀ ਗੰਧ ਜਾਂ ਪਿਸ਼ਾਬ ਬਾਰ ਬਾਰ ਆਉਣ ਤੇ ਆਪਣੇ ਡਾਕਟਰ ਨੂੰ ਦੱਸੋ। ਜੇ ਤੁਸੀਂ ਸ਼ੂਗਰ ਦੇ ਮਰੀਜ਼ ਹੋ ਤਾਂ ਸ਼ੂਗਰ ਦਾ ਲੈਵਲ ਨਿਯਮਤ ਤੌਰ ਤੇ ਚੈੱਕ ਕਰਨਾ ਯਕੀਨੀ ਬਣਾਓ ਅਤੇ ਸ਼ੂਗਰ ਦੀਆਂ ਦਵਾਈਆਂ ਜਿਸ ਤਰ੍ਹਾਂ ਦੱਸੀਆਂ ਹਨ ਲੈਂਦੇ ਰਹੋ। |
| *ਦਿਲ ਕੱਚਾ ਹੋਣਾ, ਉਲਟੀਆਂ, ਪੇਟ ਖ਼ਰਾਬ* | ਆਪਣੇ ਡਾਕਟਰ ਨੂੰ ਦੱਸੋ ਜੇ ਇਹ ਲੱਛਣ ਪ੍ਰੇਸ਼ਾਨ ਕਰਦੇ ਹਨ ਜਾਂ ਲਗਾਤਾਰ ਰਹਿੰਦੇ ਹਨ। |
| *ਮਸੂੜਿਆਂ ਦਾ ਅਸਾਧਾਰਨ ਵਾਧਾ, ਅਤੇ ਮਸੂੜਿਆਂ ਵਿਚੋਂ ਖ਼ੂਨ ਆਉਣਾ* | ਆਪਣੇ ਦੰਦਾਂ ਨੂੰ ਰੋਜ਼ ਬੁਰਸ਼ ਜਾਂ ਫਲਾਸ ਕਰੋ ਅਤੇ ਦੰਦਾਂ ਵਾਲੇ ਡਾਕਟਰ ਕੋਲ ਜਾਂਦੇ ਰਹੋ। ਇਹ ਲੱਛਣ ਡਾਕਟਰ ਨੂੰ ਦੱਸੋ। |
| *ਸਾਈਕਲੋਸਪੋਰਿਨ ਲੈਣ ਨਾਲ ਤੁਹਾਡੇ ਸਰੀਰ ਦੀ ਬਿਮਾਰੀ ਜਾਂ ਜ਼ਖਮਾਂ ਨਾਲ ਨਜਿੱਠਣ ਦੀ ਸਮਰੱਥਾ ਘਟ ਜਾਂਦੀ ਹੈ* | ਇਨਫੈਕਸ਼ਨ ਦੇ ਲੱਛਣ (ਬੁਖ਼ਾਰ, ਠੰਢ ਲੱਗਣੀ, ਦਿਲ ਤੇਜ਼ ਧੜਕਣਾ, ਜ਼ੁਕਾਮ ਅਤੇ ਫਲੂ) ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦੱਸੋ। ਜਿਨ੍ਹਾਂ ਲੋਕਾਂ ਨੂੰ ਇਨਫੈਕਸ਼ਨ ਹੈ ਉਨ੍ਹਾਂ ਨਾਲ ਸੰਪਰਕ ਤੋਂ ਪ੍ਰਹੇਜ਼ ਕਰੋ। ਆਪਣੇ ਹੱਥ ਬਾਰ ਬਾਰ ਧੋਂਦੇ ਰਹੋ। |
| *ਗੁਰਦਿਆਂ ਦੇ ਕੰਮ ਕਰਨ ਦੀ ਸਮਰੱਥਾ ਵੀ ਘਟਦੀ ਹੈ* | *ਸਾਈਕਲੋਸਪੋਰਿਨ ਦੇ ਵੱਧ ਲੈਵਲ ਕਾਰਨ ਗੁਰਦਿਆਂ ਦੀ ਸਮਰੱਥਾ ਘਟਦੀ ਹੈ। ਤੁਹਾਡੇ ਸਾਈਕਲੋਸਪੋਰਿਨ ਦੇ ਲੈਵਲ ਦੀ ਨਿਗਰਾਨੀ ਕੀਤੀ ਜਾਏਗੀ ਅਤੇ ਜੇ ਜ਼ਰੂਰਤ ਹੋਈ ਤਾਂ ਦਵਾਈ ਦੀ ਖ਼ੁਰਾਕ ਘਟਾਈ ਜਾ ਸਕਦੀ ਹੈ। ਜੇ ਤੁਹਾਡੇ ਪਿਸ਼ਾਬ ਵਿਚ ਕੋਈ ਤਬਦੀਲੀ ਹੋਵੇ ਜਾਂ ਪਿਸ਼ਾਬ ਦੀ ਮਾਤਰਾ ਵਿਚ ਬਦਲਾਅ ਹੋਵੇ ਤਾਂ ਆਪਣੇ ਡਾਕਟਰ ਨੂੰ ਦੱਸੋ।* |
| *ਪੋਟਾਸ਼ੀਅਮ ਦਾ ਲੈਵਲ ਵੱਧਣਾ* | ਤੁਹਾਡੇ ਪੋਟਾਸ਼ੀਅਮ ਲੈਵਲ ਦੀ ਨਿਗਰਾਨੀ ਕੀਤੀ ਜਾਏਗੀ। ਮਾਸਪੇਸ਼ੀਆਂ ਵਿਚ ਕਮਜ਼ੋਰੀ, ਅੰਗਾਂ ਵਿਚ ਸੁੰਨਤਾ ਜਾਂ ਦਿਲ ਦੀ ਧੜਕਣ ਅਨਿਯਮਤ ਹੋਣ ਦੇ ਲੱਛਣ ਟ੍ਰਾਂਸਪਲਾਂਟ ਟੀਮ ਨੂੰ ਇੱਕ ਦਮ ਦੱਸੋ। |
| *ਮੁਹਾਸੇ ਜਾਂ ਚਮੜੀ ਵਿਚ ਬਦਲਾਅ, ਚਿਹਰੇ ਜਾਂ ਸਰੀਰ ਤੇ ਜ਼ਿਆਦਾ ਵਾਲ ਉਗਣੇ* | ਇਹ ਲੱਛਣ ਆਪਣੇ ਡਾਕਟਰ ਨੂੰ ਦੱਸੋ। |
| *ਕੈਂਸਰ* | ਇਸ ਦਵਾਈ ਨਾਲ ਤੁਹਾਨੂੰ ਚਮੜੀ ਦੇ ਅਤੇ ਹੋਰ ਕੈਂਸਰ ਹੋਣ ਦੇ ਚਾਂਸ ਵਧ ਸਕਦੇ ਹਨ। ਜੇ ਤੁਹਾਡੇ ਵਿਚ ਕੈਂਸਰ ਦੀ ਪਹਿਚਾਣ ਹੁੰਦੀ ਹੈ ਤਾਂ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦੱਸੋ। ਹੋਰ ਜ਼ਿਆਦਾ ਜਾਣਕਾਰੀ ਲਈ "ਕੈਂਸਰ ਰਿਸਕ" ਵਾਲਾ ਸੈਕਸ਼ਨ ਦੇਖੋ। |